



## ਪ੍ਰੈਸ ਨੋਟ

ਅੱਜ ਮਿਤੀ 10.04.19 ਨੂੰ ਪੁਲਿਸ ਜਿਲਾ ਬਟਾਲਾ ਵੱਲੋ ਇੱਕ ਪ੍ਰੈਸ ਕਾਨਫਰੰਸ ਕਰਦੇ ਹੋਏ ਪ੍ਰੈਸ ਨੂੰ ਦੱਸਿਆ ਕਿ ਬੀਤੇ ਦਿਨੀ ਮਿਤੀ 09.04.19 ਨੂੰ ਸਤਕੋਹਾ ਲਿੰਕ ਰੋਡ ਪਿੰਡ ਧਾਰੀਵਾਲ ਭੋਜਾ ਨਜਦੀਕ ਕਣਕ ਦੇ ਖੇਤ ਵਿੱਚੋ ਇੱਕ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸ ਦਾ ਕਿਸੇ ਨਾਮਲੂਮ ਵਿਅਕਤੀਆਂ ਵੱਲੋ ਤੇਜਧਾਰ ਹਥਿਆਰ ਨਾਲ ਸੱਟਾ ਲਗਾ ਕੇ ਕਤਲ ਕੀਤਾ ਸੀ, ਜਿਸ ਤੇ ਮ੍ਰਿਤਕ ਦੀ ਪਹਿਚਾਣ ਗੁਰਨਾਮ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਨੇੜੇ ਆਈ.ਟੀ.ਆਈ, ਕਾਹਨੂੰਵਾਨ ਰੋਡ ਬਟਾਲਾ ਹੋਣ ਪਰ, ਮ੍ਰਿਤਕ ਦੀ ਪਤਨੀ ਸੁਖਵੰਤ ਕੌਰ ਦੇ ਬਿਆਨ ਪਰ ਮੁਕੱਦਮਾ ਨੰਬਰ 27 ਮਿਤੀ 09.04.19 ਜੁਰਮ 302,201 ਭ:ਦ ਥਾਣਾ ਸੇਖਵਾ ਬਰਖਿਲਾਫ ਅਣਪਛਾਤੇ ਵਿਅਕਤੀਆਂ ਖਿਲਾਫ ਦਰਜ ਕੀਤਾ ਗਿਆ ਸੀ।

ਜੋ ਇਸ ਮੁਕੱਦਮਾ ਦੇ ਦੋਸੀਆਂ ਨੂੰ ਟਰੇਸ ਕਰਨ ਲਈ ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਬਟਾਲਾ, ਉਪ ਕਪਤਾਨ ਪੁਲਿਸ, ਸਿਟੀ ਬਟਾਲਾ ਅਤੇ ਮੁੱਖ ਅਫਸਰ, ਥਾਣਾ ਸੇਖਵਾ ਨੂੰ ਹਦਾਇਤ ਕੀਤੀ ਗਈ ਕਿ ਮੁਕੱਦਮਾ ਦੀ ਤਫਤੀਸ਼ ਡੂਘਾਈ ਨਾਲ ਕਰਕੇ ਦੋਸੀਆ ਨੂੰ ਜਲਦ ਟਰੇਸ ਕੀਤਾ ਜਾਵੇ, ਜੋ ਟੀਮ ਮੈਬਰਾ ਵੱਲੋ ਮੁਕੱਦਮਾ ਦੀ ਤਫਤੀਸ਼ ਡੂਘਾਈ ਨਾਲ ਕਰਦੇ ਹੋਏ ਮ੍ਰਿਤਕ ਦੀ ਪਤਨੀ ਸੁਖਵੰਤ ਕੌਰ ਪਾਸੋ ਪੁੱਛ-ਗਿੱਛ ਕੀਤੀ ਗਈ, ਜਿਸ ਨੇ ਦੌਰਾਨੇ ਪੁੱਛ-ਗਿੱਛ ਮੰਨਿਆ ਕਿ ਉਸ ਵੱਲੋ ਹੀ ਆਪਣੇ ਲੜਕੇ 1)ਪ੍ਰਕਾਸ ਸਿੰਘ, 2) ਭਰਜਾਈ ਗੁਰਪ੍ਰੀਤ ਕੌਰ, 3)ਭਰਜਾਈ ਦੀ ਭੈਣ ਰਾਜਵਿੰਦਰ ਕੌਰ, 4)ਰਾਜਵਿੰਦਰ ਕੌਰ ਦੇ ਜਾਣਕਾਰ ਅਮਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ, 5)ਨਵਦੀਪ ਸਿੰਘ ਪੁੱਤਰ ਹਰਬੰਸ ਸਿੰਘ ਵਾਸੀਆਨ ਅਲਾਵਲਪੁਰ, 6)ਵਿਜੇ ਮਸੀਹ ਪੁੱਤਰ ਪ੍ਰੇਮ ਮਸੀਹ ਵਾਸੀ ਭਗਟਾਨਾ ਬੋਹੜ ਵਾਲਾ, 7)ਪ੍ਰਤਾਪ ਉਰਫ ਬੌਬੀ ਪੁੱਤਰ ਅਮਰ ਸਿੰਘ ਵਾਸੀ ਪਿੰਡ ਖੱਦਰ ਨੂੰ ਘਰ ਬੁਲਾ ਕੇ ਦਾਤਰਾ ਅਤੇ ਕਿਰਚ ਨਾਲ ਆਪਣੇ ਪਤੀ ਗੁਰਨਾਮ ਸਿੰਘ ਦਾ ਕਤਲ ਕਰਵਾ ਕੇ ਲਾਸ਼ ਨੂੰ ਗੱਡੀ ਸਵਿਫਟ ਨੰਬਰ ਪੀ.ਬੀ 32-ਐਮ-9222 ਵਿੱਚ ਪਾ ਕੇ ਸਤਕੋਹਾ ਲਿੰਕ ਰੋਡ ਪਿੰਡ ਧਾਰੀਵਾਲ ਭੋਜਾ ਨਜਦੀਕ ਕਣਕ ਦੇ ਖੇਤਾ ਵਿੱਚ ਸੁੱਟ ਦਿੱਤਾ ਸੀ। ਵਜਾ ਰੰਜਿਸ਼ ਕਿ ਉਸ ਦਾ ਪਤੀ ਸ਼ਰਾਬ ਪੀਣ ਦਾ ਆਦੀ ਸੀ ਅਤੇ ਬਾਹਰ ਹੋਰ ਔਰਤਾ ਨਾਲ ਗਲਤ ਸਬੰਧ ਰੱਖਦਾ ਸੀ ਅਤੇ ਆਪਣੇ ਪ੍ਰੀਵਾਰ ਨੂੰ ਚੰਗਾ ਨਹੀ ਜਾਣਦਾ ਸੀ।

ਮੁਕੱਦਮਾ ਦੇ ਸਾਰੇ ਦੋਸੀਆ ਨੂੰ ਗਿਫਤਾਰ ਕਰਕੇ, ਵਾਰਦਾਤ ਸਮੇਂ ਵਰਤੇ **02 ਦਾਤਰ, 01 ਕਿਰਚ, 02 ਮੋਟਰਸਾਈਕਲ** ਬ੍ਰਾਮਦ ਕੀਤੇ ਗਏ ਹਨ ਅਤੇ ਵਾਰਦਾਤ ਵਿੱਚ ਵਰਤੀ ਗੱਡੀ ਸਵਿਫਟ ਬ੍ਰਾਂਮਦ ਕਰਨੀ ਬਾਕੀ ਹੈ।





# ਪ੍ਰੈਸ ਨੋਟ

ਅੱਜ ਮਿਤੀ 11.04.19 ਨੂੰ ਐਸ.ਐਸ.ਪੀ ਬਟਾਲਾ ਵੱਲੋ ਪ੍ਰੈਸ ਕਾਨਫਰੰਸ ਕਰਦੇ ਹੋਏ ਦੱਸਿਆ ਹੈ ਕਿ ਪੁਲਿਸ ਜਿਲਾ ਬਟਾਲਾ ਵੱਲੋ ਨਸ਼ਿਆ ਖਿਲਾਫ ਸਪੈਸ਼ਲ ਮੁਹਿੰਮ ਚਲਾਈ ਜਾ ਗਈ ਹੈ। ਜੋ ਇਸ ਮੁਹਿੰਮ ਦੌਰਾਨ ਐਸ.ਆਈ ਦਲਜੀਤ ਸਿੰਘ, ਐਸ.ਆਈ ਸੁਖਵਿੰਦਰ ਸਿੰਘ, ਸਪੈਸਲ ਬਰਾਚ ਬਟਾਲਾ ਅਤੇ ਏ.ਐਸ.ਆਈ ਵਿਜੇ ਕੁਮਾਰ, ਇੰਚਾਰਜ ਚੌਕੀ ਸੇਖੂਪੁਰ ਸਮੇਤ ਸਾਥੀ ਕਰਮਚਾਰੀਆਂ ਨਾਲ ਟੀ-ਪੁਆਇੰਟ ਮਰੜ, ਨਜਦੀਕ ਸੇਖੂਪੁਰ ਸਕੂਲ ਵਿਖੇ ਸਪੈਸ਼ਲ ਨਾਕਾਬੰਦੀ ਕਰਕੇ ਵਹੀਕਲਾ ਦੀ ਚੈਕਿੰਗ ਕੀਤੀ ਜਾ ਰਹੀ ਸੀ, ਤਾਂ ਦੌਰਾਨੇ ਚੈਕਿੰਗ ਇੱਕ ਕਾਰ ਨੰਬਰੀ PB 06-AA-7670 ਮਾਰਕਾ ਸਵਿਫਟ ਰੰਗ ਚਿੱਟਾ, ਜੋ ਅੰਮ੍ਰਿਤਸਰ ਵੱਲੋ ਆ ਰਹੀ ਸੀ, ਨੂੰ ਰੋਕਿਆ, ਜੋ ਕਾਰ ਚਾਲਕ ਪੁਲਿਸ ਪਾਰਟੀ ਨੂੰ ਵੇਖ ਕੇ ਗੱਡੀ ਪਿੱਛੇ ਮੋੜ ਕੇ ਭਜਾਉਣ ਲੱਗਾ, ਜਿਸ ਨੂੰ ਪੁਲਿਸ ਪਾਰਟੀ ਨੇ ਕਾਬੂ ਕਰਕੇ ਨਾਮ ਪਤਾ ਪੁੱਛਿਆ, ਜਿਸ ਨੇ ਆਪਣਾ ਨਾਮ ਗੁਰਪ੍ਰੀਤ ਸਿੰਘ ਉਰਫ ਗੋਪੀ ਗੋਲੀ ਪੁੱਤਰ ਕਸ਼ਮੀਰ ਸਿੰਘ ਵਾਸੀ ਕੋਟਲੀ ਸੂਰਤ ਮੱਲੀ ਦੱਸਿਆ, ਜੋ ਪੁਲਿਸ ਪਾਰਟੀ ਨੂੰ ਉਸ ਪਾਸ ਕੋਈ ਨਸ਼ੀਲਾ ਪਦਾਰਥ ਦਾ ਸ਼ੱਕ ਹੋਣ ਪਰ ਹਲਕਾ ਗਜਟਿਡ ਅਫਸਰ ਸ਼੍ਰੀ ਬਲਬੀਰ ਸਿੰਘ, ਉਪ ਕਪਤਾਨ ਪੁਲਿਸ, ਫ:ਗ:ਚੂੜੀਆਂ ਅਤੇ ਮੁੱਖ ਅਫਸਰ ਥਾਣਾ ਸਦਰ ਬਟਾਲਾ ਨੂੰ ਮੌਕਾ ਪਰ ਬੁਲਾ ਕੇ ਗੁਰਪ੍ਰੀਤ ਸਿੰਘ ਉਰਫ ਗੋਪੀ ਗੋਲੀ ਉਕਤ ਪਾਸੋ **260 ਗ੍ਰਾਮ ਹੈਰੋਇੰਨ ਅਤੇ ਸਵਿਫਟ ਕਾਰ** ਬ੍ਰਾਮਦ ਕਰਕੇ ਮੁਕੱਦਮਾ ਨੰਬਰ 44 ਮਿਤੀ 10.04.19 ਜੁਰਮ 21-61-85 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਬਟਾਲਾ ਦਰਜ ਕੀਤਾ।

ਜੋ ਦੋਸੀ ਗੁਰਪ੍ਰੀਤ ਸਿੰਘ ਉਰਫ ਗੋਪੀ ਉਰਫ ਗੋਲੀ, ਜੋ ਕਿ ਗੈਗਸਟਰਜ ਹੈ ਅਤੇ ਥਾਣਾ ਕੋਟਲੀ ਸੂਰਤ ਮੱਲੀਆਂ ਦਾ ਬੀ.ਸੀ ਵੀ ਹੈ, ਜਿਸ ਦੇ ਖਿਲਾਫ ਪਹਿਲਾ ਵੀ ਦਰਜਨ ਦੇ ਕ੍ਰੀਬ ਮੁਕੱਦਮੇ ਦਰਜ ਹਨ।

ਦੌਰਾਨੇ ਪੁੱਛ-ਗਿੱਛ ਗੁਰਪ੍ਰੀਤ ਸਿੰਘ ਉਰਫ ਗੋਪੀ ਗੋਲੀ ਉਕਤ ਨੇ ਮੰਨਿਆ ਕਿ ਉਹ ਇਹ ਹੈਰੋਇੰਨ ਜਰਨੈਲ ਸਿੰਘ ਉਰਫ ਜੈਲੀ ਪੁੱਤਰ ਤਜਿੰਦਰ ਸਿੰਘ ਵਾਸੀ ਤਲਵੰਡੀ ਦੋਸੰਧਾ ਥਾਣਾ ਕੱਥੂਨੰਗਲ ਪਾਸੋ ਲਿਆ ਕੇ ਬਟਾਲਾ ਦੇ ਏਰੀਆਂ ਵਿੱਚ ਵੇਚਦਾ ਸੀ। ਜੋ ਗੁਰਪ੍ਰੀਤ ਸਿੰਘ ਉਰਫ ਗੋਪੀ ਉਰਫ ਗੋਲੀ ਦੀ ਨਿਸ਼ਾਨਦੇਹੀ ਪਰ ਜਰਨੈਲ ਸਿੰਘ ਉਰਫ ਜੈਲੀ ਉਕਤ ਨੂੰ ਪਿੰਡ ਕੋਟਲਾ ਸਰਫ ਤੋਂ ਕਾਬੂ ਕਰਕੇ, ਉਸ ਪਾਸੋ **10 ਗ੍ਰਾਮ ਹੈਰੋਇੰਨ ਅਤੇ 01 ਐਕਟਿਵਾ** ਬਿਨ੍ਹਾਂ ਨੰਬਰੀ ਬ੍ਰਾਂਮਦ ਕੀਤੀ।

ਇਸੇ ਤਰਾਂ ਸੀ.ਆਈ.ਏ ਸਟਾਫ ਬਟਾਲਾ ਵੱਲੋ ਵੀ ਰਾਜਬਲਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਭਗਤੂਪੁਰ ਅਤੇ ਹਰਪ੍ਰੀਤ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਤਾਰਾਗੜ, ਜੰਡਿਆਲਾ ਨੂੰ ਕਾਬੂ ਕਰਕੇ, ਉਨ੍ਹਾਂ ਪਾਸੋ **23 ਗ੍ਰਾਮ ਹੈਰੋਇੰਨ** ਬ੍ਰਾਂਮਦ ਕਰਕੇ ਮੁੱਕਦਮਾ ਨੰਬਰ 74 ਮਿਤੀ 10.04.19 ਜੁਰਮ 21,22-61-85 ਐਨ.ਡੀ.ਪੀ.ਐਸ ਐਕਟ ਥਾਣਾ ਸਿਵਲ ਲਾਈਨ ਬਟਾਲਾ ਦਰਜ ਕੀਤਾ ਗਿਆ।

ਉਕਤ ਦੋਸੀਆ ਪਾਸੋ **ਕੁੱਲ ਹੈਰੋਇੰਨ 293 ਗ੍ਰਾਮ ਬ੍ਰਾਂਮਦ ਹੋਈ, ਜਿਸ ਦੀ ਅੰਤਰਰਾਸ਼ਟਰੀ ਕੀਮਤ 01,46,50,000/- ਰੁਪਏ** ਬਣਦੀ ਹੈ। ਦੋਸੀਆਂ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਡ ਹਾਸਲ ਕਰਕੇ ਪੁੱਛ-ਗਿੱਛ ਕੀਤੀ ਜਾਵੇਗੀ, ਜਿੰਨ੍ਹਾਂ ਪਾਸੋ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

# PRESS CONFERRENCE AT POLICE LINE BATALA ON 03/04/2019







## **Press Note**

On 03.04.2019, it is being revealed during press conference that during the special campaign launched against professional criminals, a specific information was received by SHO Police Station City Batala and Special Branch, Batala that (1) Rajan Sharma S/o Ramesh Sharma r/o Kapoori Gate, Sekhri Mohalla, Batala (who is running shop of Laptop Repair at Shitla Mandir, Batala) and (2) Pritpal Singh S/o Sukhwinder Singh r/o Beeko Complex, Batala (who owns factory of manufacturing of Hardware parts) are indulging in manufacturing of illegal fire-arms. In this regard, on information, Case FIR No. 48 dated 02.04.2019 u/s 25/54/59 Arms Act was registered at Police Station City Batala and raids were conducted. As a result of relentless efforts made by the district Police, both the above named accused were arrested successfully during investigation and following fire-arms/weapons and tools etc. were recovered from them.

1) 03 Pistols .32 bore with 07 live cartridges and 46 empty cartgs.
2) 02 Pistols .12 bore (Long barrel) with 30 live cartridges and 25 empty cartgs.
3) 01 Air Gun with Telescope
4) 01 Sharp edged knife
5) 04 live cartridges of 315 bore with 05 empty cartgs.
6) 01 Drill Machine and 01 Grooge Drill
7) 01 Grinder Machine and 01 Toolkit

During investigation, they have confessed that Rajan Sharma is a computer engineer and Pritpal Singh is hardware mechanic. They had got the technique of manufacturing fire arms from ''You Tube" and they were indulging in manufacturing of illegal fire-arms in their factory from the last one year. Both the accused will be produced in the Hon'ble Court and further questioning will be conducted after seeking Police remand. More fruitful results are likely to be revealed in this case.

# <u>ਪ੍ਰੈਸ ਨੋਟ</u>



ਅੱਜ ਮਿਤੀ 27.03.19 ਨੂੰ ਪੁਲਿਸ ਜਿਲਾ ਬਟਾਲਾ ਵੱਲੋ ਪ੍ਰੈਸ ਕਾਨਫਰੰਸ ਕਰਦੇ ਹੋਏ ਦੱਸਿਆ ਹੈ ਕਿ ਪਿਛਲੇ ਦਿਨੀ ਮਿਤੀ 05.03.19 ਨੂੰ ਸ਼ਾਸ਼ਤਰੀ ਨਗਰ ਬਟਾਲਾ ਵਿਖੇ ਰਣਧੀਰ ਸਿੰਘ ਰਿਟਾਇਰਡ ਐਸ.ਡੀ.ਓ ਪੁੱਤਰ ਦਲੀਪ ਸਿੰਘ ਵਾਸੀ ਸਾਪ ਕਮ ਫਲੈਟ ਨੰਬਰ 24 ਸਾਸਤਰੀ ਨਗਰ ਬਟਾਲਾ ਨੂੰ ਕਿਸੇ ਅਣ-ਪਛਾਤੇ ਵਿਅਕਤੀ ਵੱਲੋ ਦਿਨ ਦਿਹਾੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਿਸ ਪਰ ਮ੍ਰਿਤਕ ਦੀ ਪਤਨੀ ਸਤਿੰਦਰ ਕੌਰ ਵੱਲੋ ਸ਼ੱਕ ਜਾਹਰ ਕਰਦੇ ਹੋਏ, 1)ਜਸਬੀਰ ਸਿੰਘ ਪੁੱਤਰ ਸਰਬਜੀਤ ਸਿੰਘ, 2)ਤਰਨਦੀਪ ਸਿੰਘ ਪੁੱਤਰ ਜਸਬੀਰ ਸਿੰਘ ਵਾਸੀਆਨ ਸਿਨੇਮਾ ਰੋਡ ਬਟਾਲਾ ਦੇ ਖਿਲਾਫ ਮੁਕੱਦਮਾ ਨੰਬਰ 36 ਮਿਤੀ 05.03.19 ਜੁਰਮ 302,34 ਭ:ਦ, 25-54-59 ਅਸਲਾ ਐਕਟ ਥਾਣਾ ਸਿਟੀ ਬਟਾਲਾ ਦਰਜ ਕੀਤਾ ਗਿਆ ਸੀ। ਮੁਕੱਦਮਾ ਦੀ ਡੂਘਾਈ ਨਾਲ ਤਫਤੀਸ਼ ਕਰਕੇ ਘਟਨਾ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਨੂੰ ਟਰੇਸ ਕਰਨ ਲਈ ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਬਟਾਲਾ ਦੀ ਨਿਗਰਾਨੀ ਹੇਠ ਡੀ.ਐਸ.ਪੀ, ਫ:ਗ:ਚੂੜੀਆਂ, ਡੀ.ਐਸ.ਪੀ, ਸਿਟੀ ਬਟਾਲਾ, ਮੁੱਖ ਅਫਸਰ, ਥਾਣਾ ਸਿਟੀ ਬਟਾਲਾ ਦੀ ਇੱਕ ਵਿਸ਼ੇਸ਼ ਜਾਚ ਟੀਮ ਦਾ ਗਠਨ ਕੀਤਾ ਗਿਆ ਸੀ। ਜੋ ਦੌਰਾਨੇ ਤਫਤੀਸ਼ ਵਿਸ਼ੇਸ਼ ਜਾਚ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦ ਮੁਕੱਦਮ ਦੇ ਅਸਲ ਦੋਸੀਆ 1)ਹਰਮਨਦੀਪ ਸਿੰਘ ਪੁੱਤਰ ਤਸਬੀਰ ਸਿੰਘ ਵਾਸੀ ਸਾਪ ਨੰਬਰ 111, ਬੈਕਸਾਈਡ ਗ੍ਰੈਡਵੇਅ ਹੋਟਲ, ਸਾਸਤਰੀ ਨਗਰ ਬਟਾਲਾ, ਜੋ ਕਿ ਮ੍ਰਿਤਕ ਦਾ ਸਕਾ ਭਤੀਜਾ ਹੈ ਅਤੇ 2)ਸੁਖਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਅਲਕੜੇ ਝੰਡੇ, ਜੋ ਕਿ ਹਰਮਨਦੀਪ ਸਿੰਘ ਦਾ ਡਰਾਈਵਰ ਹੈ, ਨੂੰ ਅਸਲ ਦੋਸੀ ਵੱਜੋ ਟਰੇਸ ਕਰਕੇ ਮਿਤੀ 26.03.19 ਨੂੰ ਗ੍ਰਿਫਤਾਰ ਕੀਤਾ

ਗਿਆ। ਉਕਤ ਦੋਸੀਆ ਨੇ ਪੁੱਛ-ਗਿੱਛ ਦੌਰਾਨ ਆਪਣਾ ਜੁਰਮ ਕਬੂਲਦੇ ਹੋਏ ਦੱਸਿਆ ਕਿ ਮ੍ਰਿਤਕ ਰਣਧੀਰ ਸਿੰਘ ਰਿਟਾਇਰਡ ਐਸ.ਡੀ.ਓ, ਜੋ ਹਰਮਨਦੀਪ ਸਿੰਘ ਦਾ ਸਕਾ ਚਾਚਾ ਹੈ ਅਤੇ ਉਨ੍ਹਾ ਨੇ ਬੀ.ਐਮ.ਐਸ ਇੰਟਰਪ੍ਰਾਈਜਸ ਦੇ ਨਾਮ ਦੀ ਕੰਪਨੀ ਖੋਲੀ ਹੋਈ ਸੀ, ਜਿਸ ਵਿੱਚ ਪੈਸੇ ਦਾ ਕਾਰੋਬਾਰ ਕਰਦੇ ਸਨ, ਜੋ ਪੈਸਿਆ ਦੇ ਲਾਲਚ ਵਿਚ ਆ ਕੇ ਆਪਣੇ ਚਾਚੇ ਦਾ ਹਿੱਸਾ ਹੜੱਪਣ ਲਈ ਹਰਮਨਦੀਪ ਸਿੰਘ ਨੇ ਆਪਣੇ ਡਰਾਈਵਰ ਸੁਖਜੀਤ ਸਿੰਘ ਨਾਲ ਮਿਲੀ ਭੁਗਤ ਕਰਕੇ ਅਤੇ ਡਰਾਈਵਰ ਨੂੰ ਕਨੇਡਾ ਭੇਜਣ ਦਾ ਲਾਲਚ ਦੇ ਕੇ, ਉਸ ਪਾਸੋ ਆਪਣੇ ਚਾਚੇ ਦਾ ਕਤਲ ਕਰਵਾ ਦਿੱਤਾ ਸੀ। ਦੋਸੀਆ ਪਾਸੋ ਮੌਕਾ ਸਮੇਂ ਵਰਤਿਆ **ਇੱਕ ਦੇਸੀ ਪਿਸਤੋਲ 315 ਬੋਰ ਸਮੇਤ 02 ਰੋਦ ਜਿੰਦਾ, 01 ਖੋਲ ਅਤੇ ਇੱਕ ਮੋਟਰਸਾਈਕਲ ਡਿਸਕਵਰ** ਬ੍ਰਾਂਮਦ ਕੀਤਾ। ਦੋਸੀਆ ਪਾਸੋ ਹੋਰ ਪੁੱਛ-ਗਿੱਛ ਜਾਰੀ ਹੈ, ਜੋ ਹੋਰ ਖੁਲਾਸਾ ਹੋਣ ਦੀ ਉਮੀਦ ਹੈ।

# **ਪ੍ਰੈਸ ਨੋਟ**

ਅੱਜ ਮਿਤੀ 27.03.19 ਨੂੰ ਐਸ.ਐਸ.ਪੀ ਬਟਾਲਾ ਵੱਲੋ ਪ੍ਰੈਸ ਕਾਨਫਰੰਸ ਕਰਦੇ ਹੋਏ ਦੱਸਿਆ ਹੈ ਕਿ ਪੁਲਿਸ ਜਿਲਾ ਬਟਾਲਾ ਵੱਲੋ ਲੁੱਟਾ/ਖੋਹਾ/ਜੁਰਾਇਮ ਪੇਸ਼ਾ ਵਿਅਕਤੀਆਂ ਖਿਲਾਫ ਸਪੈਸ਼ਲ ਮੁਹਿੰਮ ਚਲਾਈ ਜਾ ਰਹੀ ਹੈ। ਜੋ ਇਸ ਮੁਹਿੰਮ ਦੌਰਾਨ ਮਿਤੀ 23.03.19 ਨੂੰ ਮੁੱਖਬਰ ਖਾਸ ਨੇ ਸੀ.ਆਈ.ਏ, ਬਟਾਲਾ ਵਿੱਚ ਤਾਇਨਾਤ ਏ.ਐਸ.ਆਈ ਮਲਕੀਤ ਸਿੰਘ ਪਾਸ ਇਤਲਾਹ ਦਿੱਤੀ ਕਿ ਮਲਕੀਤ ਸਿੰਘ ਉਰਫ ਸੁੱਖ ਪੁੱਤਰ ਰਤਨ ਸਿੰਘ ਵਾਸੀ ਦੀਵਾਨੀਵਾਲ ਜੋ ਕਿ ਆਮ ਲੋਕਾ ਨੂੰ ਹਥਿਆਰ ਦੀ ਨੋਕ ਪਰ ਡਰਾ ਧਮਕਾ ਕੇ ਜਬਰਦਸਤੀ ਫਿਰੋਤੀ ਹਾਸਲ ਕਰਦਾ ਹੈ, ਜਿਸ ਪਰ ਮੁੱਕਦਮਾ ਨੰਬਰ 57 ਮਿਤੀ 23.03.19 ਜੁਰਮ 384,387 ਭ:ਦ, 25,27-54-59 ਅਸਲਾ ਐਕਟ ਦਰਜ ਕੀਤਾ ਗਿਆ ਸੀ।

ਮੁਕੱਦਮਾ ਉਕਤ ਦੀ ਤਫਤੀਸ਼ ਦੌਰਾਨ ਇੰਸਪੈਕਟਰ ਜੋਗਾ ਸਿੰਘ, ਇੰਚਾਰਜ, ਸੀ.ਆਈ.ਏ, ਬਟਾਲਾ ਨੂੰ ਉਸ ਸਮੇਂ ਸਫਲਤਾ ਹਾਸਲ ਹੋਈ, ਜਦ ਮਿਤੀ 26.03.19 ਨੂੰ ਮੁਕੱਦਮਾ ਉਕਤ ਦੇ ਦੋਸੀ ਨੂੰ ਕਾਬੂ ਕਰਕੇ, ਉਸ ਪਾਸੋ ਇੱਕ **Pistol Glock 09 MM (Made in USA)** ਬ੍ਰਾਂਮਦ ਕੀਤਾ। ਜਿਸ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਡ ਹਾਸਲ ਕਰਕੇ ਪੁੱਛ-ਗਿੱਛ ਕੀਤੀ ਜਾਵੇਗੀ, ਜਿਸ ਪਾਸੋ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

# ਪ੍ਰੈਸ ਨੋਟ




ਬਟਾਲਾ ਪੁਲਿਸ ਵੱਲੋ ਭੇੜੇ ਪੁਰਸ਼ਾ ਅਤੇ ਗੈਂਗਸਟਰਾਂ ਅਤੇ ਡਰੱਗ ਸਮੱਗਲਰਾਂ ਖਿਲਾਫ ਵਿੱਡੀ ਹੋਈ ਮੁਹਿੰਮ ਨੂੰ ਉਸ ਸਮੇ ਬਹੁਤ ਹੀ ਵੱਡੀ ਸਫਲਤਾ ਹਾਸਿਲ ਹੋਈ ਜਦੋ ਸ੍ਰੀ ਬਲਬੀਰ ਸਿੰਘ ਡੀ.ਐਸ.ਪੀ ਫਤਿਹਗੜ੍ਹ ਚੂੜੀਆ ਦੀ ਸੁਪਰਵੀਜ਼ਨ ਹੇਠ ਬਟਾਲਾ ਪੁਲਿਸ ਵੱਲੋ ਸਾਲ 2018 ਵਿੱਚ ਪੁਲਿਸ ਜਿਲ੍ਹਾ ਬਟਾਲਾ ,ਅੰਮ੍ਰਿਤਸਰ ਰੂਰਲ ,ਤਰਨਤਾਰਨ ਅਤੇ ਹੁਸ਼ਿਆਰਪੁਰ ਵਿੱਚ ਹੋਈਆਂ ਬੈਂਕ ਡਕੈਤੀਆਂ ਦੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਹਨਾਂ ਪਾਸੋ ਅਸਲਾ ਅਤੇ ਲੁੱਟਿਆ ਹੋਇਆ ਕੈਸ਼ ਬਰਾਮਦ ਕੀਤਾ ਹੈ ਪਿਛਲੇ ਸਾਲ ਹੋਈਆ ਬੈਂਕ ਡਕੈਤੀਆਂ ਨੂੰ ਟਰੇਸ ਕਰਕੇ ਸਫਲਤਾ ਹਾਸਿਲ ਕੀਤੀ ਹੈ।

ਮਿਤੀ 10-03-2019 ਨੂੰ ਐਸ.ਆਈ ਸੁਖਵਿੰਦਰ ਸਿੰਘ,ਐਸ.ਆਈ ਦਲਜੀਤ ਸਿੰਘ ਪੱਡਾ ਸਪੈਸ਼ਲ ਬਰਾਂਚ ਬਟਾਲਾ ਸਮੇਤ ਆਪਣੀ ਪੁਲਿਸ ਪਾਰਟੀ ਅਤੇ ਏ.ਐਸ.ਆਈ ਵਿਜੈ ਕੁਮਾਰ ਚੌਕੀ ਇੰਚਾਰਜ਼ ਸੇਖੂਪੁਰਾ ਥਾਣਾ ਸਦਰ ਬਟਾਲਾ ਅੰਮ੍ਰਿਤਸਰ ਹਾਈਵੇ ਅੱਡਾ ਘਸੀਟਪੁਰਾ ਹਾਜ਼ਰ ਸਨ ਜਿਹਨਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੁਭਮ ਪੁੱਤਰ ਬਲਜਿੰਦਰ ਸਿੰਘ ਵਾਸੀ ਫਰੈਂਡਜ਼ ਕਾਲੋਨੀ ਅੰਮ੍ਰਿਤਸਰ ਜਿਸਨੇ ਆਪਣਾ ਇੱਕ ਗੈਂਗ ਬਣਾਇਆ ਹੋਇਆ ਹੈ ਜਿਸ ਵਿੱਚ ਹਰਵਿੰਦਰ ਸਿੰਘ ਉਰਫ ਮੰਨੂੰ ਪੁੱਤਰ ਕੁਲਵੰਤ ਸਿੰਘ ਕੌਮ ਪਰਜਾਪਤ ਵਾਸੀ ਰਾਜੇਕੇ ਮਹਿਮੇਚੱਕ,ਅਰੁਣ ਛੁਰੀਮਾਰ ਪੁੱਤਰ ਲਾਲ ਚੰਦ ਛੁਰੀਮਾਰ ਵਾਸੀ ਗੁੱਜਰਪੁਰਾ ਵਾਸੀ ਅੰਮ੍ਰਿਤਸਰ,ਹਰਚਰਨ ਸਿੰਘ ਬਾਜਵਾ ਪੁੱਤਰ ਬਖਸੀਸ ਸਿੰਘ ਜੱਟ ਵਾਸੀ ਸੇਖਵਾਂ ਅਤੇ ਜਗਮੀਤ ਸਿੰਘ ਉਰਫ ਜੱਗੀ ਭਲਵਾਨ ਪੁੱਤਰ ਅਜੈਬ ਸਿੰਘ ਵਾਸੀ ਭਾਗੋਵਾਲ ਅਤੇ ਰਵੀ ਬਲਾਚੌਰੀਆ ਉਰਫ ਗੁੱਜਰ ਵਾਸੀ ਗੜ੍ਹਸ਼ੰਕਰ ਹਨ।ਇਹ ਸਾਰੇ ਆਪਣੇ ਪਾਸ ਨਜਾਇਜ ਅਸਲਾ ਰਿਵਾਲਵਰ ਅਤੇ ਪਿਸਟਲ ਰੱਖਦੇ ਹਨ ਤੇ ਇਹ ਸਾਰੇ ਇੱਕਠੇ ਹੋ ਕੇ ਰਾਤ ਸਮੇ ਹਾਈਵੇ ਤੋ ਆਮ ਲੋਕਾਂ ਨੂੰ ਰੋਕ ਕੇ ਡਰਾ-ਧਮਕਾ ਕੇ ਕਾਰਾਂ ਖੋਹਦੇ ਅਤੇ ਬੈਂਕ ਡਕੈਤੀਆਂ ਕਰਦੇ ਹਨ ਅੱਜ ਵੀ ਇਹ ਸਾਰੇ ਬਟਾਲਾ ਜਿਲ੍ਹਾ ਦੀ ਹਦੂਦ ਅੰਦਰ ਕਿਸੇ ਵਾਰਦਾਤ ਦੀ ਤਾਂਘ ਵਿੱਚ ਹਨ ਜੇਕਰ ਹੁਣੇ ਹੀ ਨਾਕਾ-ਬੰਦੀਆ ਕੀਤੀਆ ਜਾਣ ਅਤੇ ਇਹਨਾਂ ਦੇ ਘਰਾਂ ਤੇ ਰੇਟ ਕੀਤੇ ਜਾਣ ਤਾਂ ਨਜ਼ਾਇਜ਼ ਹਥਿਆਰ ਬਰਾਮਦ ਹੋ ਸਕਦੇ ਹਨ ਅਤੇ ਬੈਂਕ ਡਰੈਤੀਆਂ ਵਿੱਚੋ ਲੁੱਟੀ ਹੋਈ ਰਕਮ ਬਰਾਮਦ ਹੋ ਸਕਦੀ ਹੈ ਇਸ ਇਤਲਾਹ ਤੇ ਮੁੱਕਦਮਾ ਨੰਬਰ 21 ਮਿਤੀ 10-03-2019 ਜੁਰਮ 392,397,379 ਬੀ ,506 ਆਈ.ਪੀ.ਸੀ 25-54-59 ਆਰਮਜ਼ ਐਕਟ ਥਾਣਾ ਸਦਰ ਬਟਾਲਾ ਦਰਜ਼ ਕੀਤਾ ਗਿਆ ਹੈ।

ਮੁੱਕਦਮਾ ਦਰਜ਼ ਕਰਨ ਤੋ ਬਾਅਦ ਡੀ.ਐਸ.ਪੀ ਫਤਹਿਗੜ੍ਹ ਚੂੜੀਆਂ ਦੀ ਨਿਗਰਾਨੀ ਹੇਠ ਅਲੱਗ-ਅਲੱਗ ਪੁਲਿਸ ਪਾਰਟੀਆਂ ਗਠਿਤ ਕੀਤੀਆਂ ਗਈਆਂ ਸਨ।

**ਗ੍ਰਿਫਤਾਰ ਦੋਸ਼ੀ**

1. ਹਰਚਰਨ ਸਿੰਘ ਬਾਜਵਾ ਪੁੱਤਰ ਬਖਸੀਸ ਸਿੰਘ ਜੱਟ ਵਾਸੀ ਸੇਖਵਾਂ ਨੂੰ ਬਟਾਲਾ
2. ਜਗਮੀਤ ਸਿੰਘ ਉਰਫ ਜੱਗੀ ਭਲਵਾਨ ਪੁੱਤਰ ਅਜੈਬ ਸਿੰਘ ਵਾਸੀ ਭਾਗੋਵਾਲ ਥਾਣਾ ਕਿਲ੍ਹਾ ਲਾਲ ਸਿੰਘ ਬਟਾਲਾ

**ਗ੍ਰਿਫਤਾਰ ਕਰਨ ਤੋ ਰਹਿੰਦੇ ਦੋਸ਼ੀ**

1. ਸੁਭਮ ਪੁੱਤਰ ਬਲਜਿੰਦਰ ਸਿੰਘ ਵਾਸੀ ਫਰੈਂਡਜ਼ ਕਾਲੌਨੀ ਅੰਮ੍ਰਿਤਸਰ
2. ਹਰਵਿੰਦਰ ਸਿੰਘ ਉਰਫ ਮੰਨੂੰ ਪੁੱਤਰ ਕੁਲਵੰਤ ਸਿੰਘ ਕੌਮ ਪਰਜਾਪਤ ਵਾਸੀ ਰਾਜੇਕੇ ਮਹਿਮੇਚੱਕ,
3. ਅਰੁਣ ਛੁਰੀਮਾਰ ਪੁੱਤਰ ਲਾਲ ਚੰਦ ਛੁਰੀਮਾਰ ਵਾਸੀ ਗੁੱਜਰਪੁਰਾ ਵਾਸੀ ਅੰਮ੍ਰਿਤਸਰ
4. ਰਵੀ ਬਲਾਚੌਰੀਆ ਉਰਫ ਗੁੱਜਰ ਵਾਸੀ ਗੜ੍ਹਸ਼ੰਕਰ

**ਡਕੈਤੀ ਵਾਲੀਆਂ ਬੈਕਾਂ ਅਤੇ ਰਕਮ**

ਮੁਕੱਦਮਾ ਨੰਬਰ 78 ਮਿਤੀ 30-07-2018 ਜੁਰਮ 395 ਭ.ਦ 25/54/59 ਅਸਲਾ ਐਕਟ ਥਾਣਾ ਮਹਿਲਪੁਰ ਬੈਂਕ ਪੰਜਾਬ ਨੈਸ਼ਨਲ ਬੈਂਕ ਅੱਡਾ ਕੋਟ ਫਤੂਹੀ ਜਿਲ੍ਹਾ ਹੁਸ਼ਿਆਰਪੁਰ ਵਿੱਚੋ ਲੁੱਟੀ ਰਕਮ 9 ਲੱਖ 60 ਹਜ਼ਾਰ ਰੁਪਏ।

1) ਮੁਕੱਦਮਾ ਨੰਬਰ 84 ਮਿਤੀ 24-08-2018 ਜੁਰਮ 392,382,342,427,24 ਭ.ਦ 25/54/59 ਅਸਲਾ ਐਕਟ ਥਾਣਾ ਰੰਗੜ ਨੰਗਲ ਬੈਂਕ ਆਈ.ਡੀ.ਬੀ.ਆਈ ਪਿੰਡ ਜੈਤੋਸਰਜ਼ਾ ਜਿਲ੍ਹਾ ਗੁਰਦਾਸਪੁਰ ਵਿੱਚੋ ਲੁੱਟੀ ਰਕਮ 23 ਲੱਖ 93 ਹਜ਼ਾਰ ਰੁਪਏ।
2) ਮੁਕੱਦਮਾ ਨੰਬਰ 114 ਮਿਤੀ 24-08-2018 ਜੁਰਮ 392,395 ਭ.ਦ 25/54/59 ਅਸਲਾ ਐਕਟ ਥਾਣਾ ਸਰਹਾਲੀ ਕਲਾਂ ,ਸਟੇਟ ਬੈਂਕ ਆਫ ਇੰਡੀਆਂ ਜੰਡੋਕੇ ਸਰਹਾਲੀ ਜਿਲ੍ਹਾ ਤਰਨਤਾਰਨ ਲੁੱਟੀ ਰਕਮ 3 ਲੱਖ 70 ਹਜ਼ਾਰ ਰੁਪਏ।
3) ਮੁਕੱਦਮਾ ਨੰਬਰ 259 ਮਿਤੀ 30-11-2018 ਜੁਰਮ 395 ਭ.ਦ 25/54/59 ਅਸਲਾ ਐਕਟ ਥਾਣਾ ਮਾਡਲ ਟਾਊਨ ,ਪੰਜਾਬ ਨੈਸ਼ਨਲ ਬੈਂਕ ਅੱਡਾ ਬੱਸੀ ਦੋਲਤ ਖਾਂ ਜਿਲ੍ਹਾ ਹੁਸ਼ਿਆਰਪੁਰ ਵਿੱਚੋ ਲੁੱਟੀ ਰਕਮ 11 ਲੱਖ 62 ਹਜ਼ਾਰ ਰੁਪਏ।
4) ਮੁਕੱਦਮਾ ਨੰਬਰ 140 ਮਿਤੀ 12-12-2018 ਜੁਰਮ 392,34 ਭ.ਦ 25/54/59 ਅਸਲਾ ਐਕਟ ਥਾਣਾ ਤਰਸਿੱਕਾ ,ਐਕਸਿਸ ਬੈਂਕ ਅੱਡਾ ਖੁਜਾਲਾ ਜਿਲ੍ਹਾ ਅੰਮ੍ਰਿਤਸਰ ਵਿੱਚੋ ਲੁੱਟੀ ਰਕਮ 11 ਲੱਖ 54 ਹਜ਼ਾਰ ਰੁਪਏ।

ਬਰਾਮਦਗੀ:- 1) 02 ਪਿਸਟਲ 32 ਬੋਰ ਸਮੇਤ 03 ਮੈਗਜ਼ੀਨ
2) 10 ਜ਼ਿੰਦਾ ਰੋਦ

3) 02 ਲੱਖ 26 ਹਜ਼ਾਰ ਰੁਪਏ ਨਗਦੀ।

4) 01 ਕਮਾਨੀਦਾਰ ਚਾਕੂ।

5) 01 ਸਵਿਫਟ ਡਿਜ਼ਾਇਰ ਕਾਰ ਨੰਬਰੀ PB06-Z-3148

6) 01 ਐਕਟਿਵਾ ਨੰਬਰ PB06-1591